# WELFARE-TO-WORK (ਵੈਲਫ਼ੇਅਰ-ਟੂ-ਵਰਕ) ਪ੍ਰੋਗ੍ਰਾਮ ਨੋਟਿਸ
## ਜੇਕਰ ਤੁਹਾਨੂੰ ਇਹ ਨੋਟਿਸ ਪੜ੍ਹਨ ਜਾਂ ਸਮਝਣ 'ਚ ਮਦਦ ਦੀ ਲੋੜ ਹੈ ਤਾਂ ਕਾਉਂਟੀ ਨੂੰ ਦੱਸੋ।

**ਤੁਹਾਡੇ ਲਈ WELFARE-TO-WORK ਦਾ ਕੀ ਮਤਲਬ ਹੈ**

- Welfare-to-Work ਪ੍ਰੋਗ੍ਰਾਮ ਨੌਕਰੀ ਲੱਭਣ 'ਚ ਤੁਹਾਡੀ ਮਦਦ ਕਰਨ ਲਈ ਤੁਹਾਨੂੰ ਪੜ੍ਹਾ, ਸਿਖਾ ਸਕਦਾ ਹੈ ਅਤੇ ਸਲਾਹ ਦੇ ਸਕਦਾ ਹੈ।
- ਕੁਝ ਕੰਮ ਜੋ Welfare-to-Work ਤੁਹਾਡੇ ਲਈ ਕਰ ਸਕਦਾ ਹੈ ਉਹ ਹਨ:
  - ਨੌਕਰੀ ਲੱਭਣ 'ਚ ਤੁਹਾਡੀ ਮਦਦ ਕਰਨਾ।
  - ਵਿੱਦਿਅਕ ਜਾਂ ਵਿਵਸਾਇਕ/ਕੰਮ ਦੀ ਥਾਂ 'ਤੇ ਸਿਖਲਾਈ 'ਚ ਤੁਹਾਡੀ ਮਦਦ ਕਰਨਾ ਅਤੇ ਤੁਹਾਨੂੰ ਮੁਢਲਾ ਪੜ੍ਹਨਾ, ਗਣਿਤ ਅਤੇ ਅੰਗ੍ਰੇਜ਼ੀ ਸਿਖਾਉਣਾ।
  - ਕਾਰਜੀ ਤਜਰਬਾ ਹਾਸਲ ਕਰਨ 'ਚ ਤੁਹਾਡੀ ਮਦਦ ਕਰਨਾ।
  - ਜੇਕਰ ਲੋੜ ਹੋਵੇ ਤਾਂ ਤੁਹਾਨੂੰ ਜਾਂ ਤੁਹਾਡੇ ਪਰਵਾਰ ਨੂੰ ਸਲਾਹ ਦੇਣਾ।
- ਇਕ Welfare-to-Work 24-ਮਹੀਨੇ ਸਮਾਂ ਘੜੀ ਮੌਜੂਦ ਹੈ (48-ਮਹੀਨਿਆਂ ਦੀ ਸਮਾਂ ਸੀਮਾ ਦੇ ਅੰਦਰ)।
- ਤੁਹਾਡੇ ਕੋਲ ਕਿਰਿਆਵਾਂ ਦੇ ਕਈ ਵਿਕਲਪ ਹਨ ਜਿਨ੍ਹਾਂ 'ਚ ਤੁਸੀਂ Welfare-to-Work 24-ਮਹੀਨੇ ਸਮਾਂ ਘੜੀ ਦੀ ਮਿਆਦ ਦੇ ਦੌਰਾਨ ਹਿੱਸਾ ਲੈ ਸਕਦੇ ਹੋ।
- Welfare-to-Work 24-ਮਹੀਨੇ ਸਮਾਂ ਘੜੀ ਦੀ ਮਿਆਦ ਦੀ ਸਮਾਪਤੀ 'ਤੇ, ਤੁਹਾਡੇ ਕੋਲ ਨਕਦ ਸਹਾਇਤਾ ਦੀ ਉਹੀ ਰਕਮ ਪ੍ਰਾਪਤ ਕਰਨਾ ਜਾਰੀ ਰੱਖਣ ਲਈ ਹਿੱਸਾ ਲੈਣ ਲਈ ਕਿਰਿਆਵਾਂ 'ਤੇ ਘੱਟ ਵਿਕਲਪ ਹੋਣਗੇ।
- Welfare-to-Work ਤੁਹਾਡੀਆਂ ਕਿਰਿਆਵਾਂ 'ਚ ਹਿੱਸਾ ਲੈਣ ਲਈ ਜ਼ਰੂਰੀ ਸਹਾਇਤਾ ਸੇਵਾਵਾਂ ਦੀਵਿਵਸਥਾ ਅਤੇ ਉਨ੍ਹਾਂ ਲਈ ਭੁਗਤਾਨ ਕਰਨ 'ਚ ਤੁਹਾਡੀ ਮਦਦ ਕਰੇਗਾ। ਇਸ 'ਚ ਬਾਲ ਦੇਖਭਾਲ, ਆਵਾਜਾਈ, ਅਤੇ ਉਹ ਦੂਜੇ ਖ਼ਰਚੇ ਜਿਵੇਂ ਖ਼ਾਸ ਉਪਕਰਨ ਜਾਂ ਕਪੜੇ ਸ਼ਾਮਲ ਹਨ ਨੌਕਰੀ ਲੱਭਣ ਲਈ ਤੁਹਾਨੂੰ ਜਿਨ੍ਹਾਂ ਦੀ ਲੋੜ ਹੈ। ਜੇਕਰ ਤੁਸੀਂ ਪੇਸ਼ਗੀ ਭੁਗਤਾਨਾਂ ਲਈ ਮੰਗ ਕਰਦੇ ਹੋ ਤਾਂ ਤੁਹਾਨੂੰ ਉਹ ਮਿਲ ਸਕਦੇ ਹਨ, ਇਸ ਲਈ ਲੋੜੀਂਦੀਆਂ ਸਹਾਇਤਾ ਸੇਵਾਵਾਂ ਲਈ ਭੁਗਤਾਨ ਕਰਨ ਲਈ ਤੁਹਾਨੂੰ ਆਪਣੀ ਨਕਦ ਸਹਾਇਤਾ ਇਸਤੇਮਾਲ ਨਹੀਂ ਕਰਨੀ ਪਵੇਗੀ।
- Welfare-to-Work ਤੁਹਾਨੂੰ ਬਾਲ ਦੇਖਭਾਲ ਦੀਆਂ ਉਪਲਬਧ ਕਿਸਮਾਂ ਅਤੇ ਇਸ ਬਾਰੇ ਦੱਸੇਗਾ ਕਿ ਬਾਲ ਦੇਖਭਾਲ ਕਿੱਥੇ ਲੱਭੀ ਜਾਵੇ।

**ਤੁਹਾਨੂੰ WELFARE-TO-WORK 'ਚ ਕਦੋਂ ਹੋਣਾ ਚਾਹੀਦਾ ਹੈ**

- ਜੇਕਰ ਤੁਹਾਨੂੰ California Work Opportunity and Responsibility to Kids (ਕੈਲੀਫ਼ੋਰਨੀਆ ਕਾਰਜ ਅਵਸਰ ਅਤੇ ਬੱਚਿਆਂ ਵੱਲ ਜ਼ਿੰਮੇਵਾਰੀ) (CalWORKs) ਪ੍ਰੋਗ੍ਰਾਮ ਹੇਠ ਨਕਦ ਸਹਾਇਤਾ ਮਿਲਦੀ ਹੈ ਅਤੇ ਤੁਹਾਨੂੰ ਹਿੱਸਾ ਲੈਣ ਤੋਂ ਛੋਟ ਪ੍ਰਾਪਤ ਨਹੀਂ ਹੈ ਤਾਂ ਤੁਹਾਨੂੰ Welfare-to-Work 'ਚ ਹੋਣਾ ਪਵੇਗਾ।
- ਜੇਕਰ ਤੁਹਾਨੂੰ ਛੋਟ ਪ੍ਰਾਪਤ ਹੈ ਤਾਂ ਤੁਹਾਨੂੰ Welfare-to-Work 'ਚ ਹੋਣ ਦੀ ਲੋੜ ਨਹੀਂ ਹੈ। ਤੁਹਾਨੂੰ ਛੋਟ ਪ੍ਰਾਪਤ ਹੈ ਜੇਕਰ:
  - ਤੁਹਾਡੀ ਉਮਰ 16 ਸਾਲ ਤੋਂ ਘੱਟ ਜਾਂ 60 ਸਾਲ ਜਾਂ ਉਸਤੋਂ ਜ਼ਿਆਦਾ ਹੈ।
  - ਤੁਹਾਡੀ ਉਮਰ 16, 17 ਜਾਂ 18 ਸਾਲ ਹੈ ਅਤੇ ਤੁਸੀਂ ਪੂਰੇ ਸਮੇਂ ਲਈ ਹਾਈ ਸਕੂਲ ਜਾਂ ਬਾਲਗ ਸਕੂਲ 'ਚ ਜਾਂਦੇ ਹੋ ਜਦੋਂ ਤਕ ਤੁਸੀਂ ਆਪਣੀ Welfare-to-Work ਯੋਜਨਾ ਹੇਠ ਸਕੂਲ ਨਹੀਂ ਜਾਂਦੇ।
  - ਤੁਸੀਂ ਅਜਿਹੇ ਕਿਸੇ ਬੱਚੇ ਦੇ ਗੈਰ-ਮਾਤਾ/ਪਿਤਾ ਨਿਗਰਾਨ ਰਿਸ਼ਤੇਦਾਰ ਹੋ ਜੋ ਇਕ ਆਸਰਤ ਜਾਂ ਅਦਾਲਤ ਦੀ ਨਿਗਰਾਨੀ ਹੇਠ, ਜਾਂ ਅਜਿਹਾ ਇਕ ਬੱਚਾ ਹੈ ਜਿਸਨੂੰ ਗੋਦ ਲੈਣ ਲਈ ਭੇਜੇ ਜਾਣ ਦਾ ਜੋਖਮ ਹੈ।
  - ਤੁਸੀਂ ਕਿਸੇ Welfare-to-Work ਕਿਰਿਆ 'ਚ ਘੱਟੋ-ਘੱਟ 30 ਕੈਲੰਡਰ ਦਿਨਾਂ ਲਈ ਕੰਮ ਕਰਨ ਜਾਂ ਨਿਯਮਿਤ ਤੌਰ 'ਤੇ ਹਿੱਸਾ ਲੈਣ 'ਚ ਸਰੀਰਕ ਜਾਂ ਮਾਨਸਿਕ ਤੌਰ 'ਤੇ ਅਸਮਰੱਥ ਹੋ।
  - ਕਿਸੇ ਬੱਚੇ ਦੇ ਜਨਮ ਤੋਂ ਲੈ ਕੇ 23 ਮਹੀਨਿਆਂ, ਸਮੇਤ, ਤਕ ਉਸਦੀ ਮਾਤਾ/ਪਿਤਾ ਜਾਂ ਨਿਗਰਾਨ ਹੋ। **ਇਹ ਛੋਟ ਸਿਰਫ਼ ਇਕ ਵਾਰ ਉਪਲਬਧ ਹੈ।**
  - ਤੁਸੀਂ 6 ਮਹੀਨੇ ਜਾਂ ਉਸਤੋਂ ਘੱਟ ਉਮਰ (ਕਾਉਂਟੀ 'ਤੇ ਨਿਰਭਰ ਕਰਦੇ ਹੋਏ ਇਹ ਵੱਧ ਕੇ 12 ਮਹੀਨੇ ਹੋ ਸਕਦਾ ਹੈ) ਦੇ ਬੱਚੇ ਦੀ ਮਾਤਾ/ਪਿਤਾ ਜਾਂ ਨਿਗਰਾਨ ਹੋ। **ਇਹ ਛੋਟ ਸਿਰਫ਼ ਇਕ ਵਾਰ ਉਪਲਬਧ ਹੈ।**

**ਤੁਹਾਨੂੰ WELFARE-TO-WORK 'ਚ ਕਦੋਂ ਹੋਣਾ ਚਾਹੀਦਾ ਹੈ (ਜਾਰੀ)**

  - ਤੁਸੀਂ 12 ਹਫ਼ਤੇ ਜਾਂ ਉਸਤੋਂ ਘੱਟ ਉਮਰ (ਕਾਉਂਟੀ 'ਤੇ ਨਿਰਭਰ ਕਰਦੇ ਹੋਏ ਇਹ ਵੱਧ ਕੇ 6 ਮਹੀਨੇ ਹੋ ਸਕਦਾ ਹੈ) ਦੇ ਬੱਚੇ ਦੀ ਮਾਤਾ/ਪਿਤਾ ਜਾਂ ਨਿਗਰਾਨ ਹੋ। ਆਪਣੇ ਮੁਲਾਜ਼ਮ ਨੂੰ ਪੁੱਛੋ ਕਿ ਤੁਹਾਨੂੰ ਛੋਟ ਮਿਲ ਸਕੇ ਇਸਲਈ ਤੁਹਾਡਾ ਬੱਚਾ ਕਿੰਨਾਂ ਛੋਟਾ ਹੋਣਾ ਚਾਹੀਦਾ ਹੈ।
  - ਤੁਸੀਂ ਗਰਭਵਤੀ ਹੋ ਅਤੇ ਇਕ ਡਾਕਟਰ ਦਾ ਕਹਿਣਾ ਹੈ ਕਿ ਤੁਸੀਂ ਕੰਮ ਨਹੀਂ ਕਰ ਸਕਦੇ ਜਾਂ Welfare-to-Work ਦੀਆਂ ਕਿਰਿਆਵਾਂ 'ਚ ਹਿੱਸਾ ਨਹੀਂ ਲੈ ਸਕਦੇ ਜਾਂ ਕਾਉਂਟੀ ਇਹ ਨਿਰਧਾਰਤ ਕਰਦੀ ਹੈ ਕਿ ਭਾਗੀਦਾਰੀ ਦਾ ਨਤੀਜਾ ਫ਼ੌਰਨ ਰੋਜ਼ਗਾਰ ਨਹੀਂ ਹੋ ਸਕਦਾ ਜਾਂ ਇਹ ਕਿ ਸਿਖਲਾਈ ਸਬੰਧੀ ਕਿਰਿਆ ਢੁਕਵੀਂ ਨਹੀਂ ਹੈ।
  - ਪਰਵਾਰ 'ਚ ਅਜਿਹੇ ਕਿਸੇ ਵਿਅਕਤੀ ਦੀ ਦੇਖਭਾਲ ਕਰਨ ਲਈ ਤੁਸੀਂ ਘਰ 'ਚ ਰਹਿ ਰਹੇ ਹੋ ਜੋ ਆਪਣੀ ਦੇਖਭਾਲ ਨਹੀਂ ਕਰ ਸਕਦਾ/ਸਕਦੀ। (ਉਹ ਵਿਅਕਤੀ ਬਿਮਾਰ, ਅਸਮਰੱਥ, ਵਗੈਰਾ ਹੈ) ਅਤੇ ਇਹ ਤੁਹਾਨੂੰ ਕੰਮ ਕਰਨ ਜਾਂ Welfare-to-Work 'ਚ ਹਿੱਸਾ ਲੈਣ ਤੋਂ ਰੋਕਦਾ ਹੈ।
- ਜੇਕਰ ਤੁਸੀਂ ਗਰਭਵਤੀ ਜਾਂ Cal-Learn ਪ੍ਰੋਗ੍ਰਾਮ 'ਚ ਹਿੱਸਾ ਲੈਣ ਵਾਲੀ ਕਿਸ਼ੋਰ ਮਾਂ ਹੋ, ਜਾਂ ਜੇਕਰ Cal-Learn ਪ੍ਰੋਗ੍ਰਾਮ 'ਚ ਰਹਿੰਦੇ ਹੋਏ ਤੁਹਾਡੇ ਕੋਲ ਹਾਈ ਸਕੂਲ ਡਿਪਲੋਮਾ ਜਾਂ ਉਸਦੇ ਬਰਾਬਰ ਹੈ, ਤਾਂ ਹੋ ਸਕਦਾ ਉੱਪਰ ਦਿੱਤੀਆਂ ਗਈਆਂ ਛੋਟਾਂ ਕੁਝ ਤੁਹਾਡੇ ਉੱਤੇ ਲਾਗੂ ਨਾ ਹੋਣ। ਆਪਣੇ ਯੋਗਤਾ ਮੁਲਾਜ਼ਮ ਜਾਂ Cal-Learn ਕੇਸ ਮੈਨੇਜਰ ਨਾਲ ਸੰਪਰਕ ਕਰੋ।
- ਜੇਕਰ ਮਾਤਾ-ਪਿਤਾ ਦੋਵਾਂ ਨੂੰ ਸਹਾਇਤਾ ਪ੍ਰਾਪਤ ਹੁੰਦੀ ਹੈ, ਅਤੇ ਮਾਤਾ/ਪਿਤਾ ਲੋੜੀਂਦੇ ਘੰਟੇ ਪੂਰੇ ਕਰਦੀ/ਕਰਦਾ ਹੈ, ਤਾਂ ਪਿਤਾ/ਮਾਤਾ ਨੂੰ ਹਿੱਸਾ ਲੈਣ ਤੋਂ ਛੋਟ ਮਿਲਦੀ ਹੈ।
- ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਹਿੱਸਾ ਲੈਣ ਤੋਂ ਛੋਟ ਮਿਲਣੀ ਚਾਹੀਦੀ ਹੈ, ਤਾਂ ਤੁਹਾਨੂੰ ਆਪਣੇ ਮੁਲਾਜ਼ਮ ਨੂੰ Welfare-to-Work ਤੋਂ ਛੋਟ ਲਈ ਤੁਹਾਡੇ ਵੱਲੋਂ ਬੇਨਤੀ ਕਰਨ 'ਚ ਇਸਤੇਮਾਲ ਕਰਨ ਲਈ ਤੁਹਾਨੂੰ ਇਕ ਫ਼ਾਰਮ (CW 2186A) ਦੇਣ ਲਈ ਕਹਿਣਾ ਚਾਹੀਦਾ ਹੈ। ਤੁਹਾਨੂੰ ਕਾਉਂਟੀ ਵੱਲੋਂ ਦੱਸਿਆ ਜਾਵੇਗਾ ਕਿ ਤੁਹਾਨੂੰ Welfare-to-Work ਤੋਂ ਛੋਟ ਦਿੱਤੀ ਜਾ ਸਕਦੀ ਹੈ ਜਾਂ ਨਹੀਂ ਜਾਂ ਤੁਹਾਨੂੰ ਹਿੱਸਾ ਲੈਣ ਦੀ ਲੋੜ ਹੈ ਜਾਂ ਨਹੀਂ। ਭਾਵੇਂ ਤੁਹਾਨੂੰ Welfare-to-Work 'ਚ ਹੋਣ ਦੀ ਲੋੜ ਨਹੀਂ ਹੈ, ਤੁਸੀਂ ਹਿੱਸਾ ਲੈਣ ਲਈ ਕਹਿ ਸਕਦੇ ਹੋ ਅਤੇ ਤੁਹਾਨੂੰ ਦੱਸਿਆ ਜਾਵੇਗਾ ਕਿ ਤੁਸੀਂ ਹਿੱਸਾ ਲੈ ਸਕਦੇ ਹੋ ਜਾਂ ਨਹੀਂ।
- ਜੇਕਰ ਤੁਹਾਨੂੰ Welfare-to-Work ਤੋਂ ਛੋਟ ਨਹੀਂ ਮਿਲਦੀ, ਤਾਂ ਤੁਹਾਨੂੰ Welfare-to-Work 'ਚ ਜਾਣ ਦੀ ਲੋੜ ਹੋ ਸਕਦੀ ਹੈ। ਜੇਕਰ ਤੁਹਾਨੂੰ ਉਸ 'ਚ ਜਾਣ ਦੀ ਲੋੜ ਹੈ, ਤਾਂ ਤੁਹਾਨੂੰ ਇਕ ਨੋਟਿਸ ਮਿਲੇਗਾ ਜੋ ਤੁਹਾਨੂੰ ਇਹ ਦੱਸੇਗਾ ਕਿ ਤੁਹਾਡੀ ਪਹਿਲੀ ਮੁਲਾਕਾਤ ਕਦੋਂ ਹੋਵੇਗੀ।

**ਜੇਕਰ ਤੁਸੀਂ ਉਹ ਨਹੀਂ ਕਰਦੇ ਜੋ WELFARE-TO-WORK ਲਈ ਜ਼ਰੂਰੀ ਹੈ**

- ਜੇਕਰ ਤੁਹਾਡਾ Welfare-to-Work 'ਚ ਹੋਣਾ ਜ਼ਰੂਰੀ ਹੈ ਤਾਂ:
  - ਤੁਹਾਡੇ ਕੋਲ ਇਹ ਦੱਸਣ ਦਾ ਮੌਕਾ ਹੋਵੇਗਾ ਕਿ ਤੁਸੀਂ ਉਹ ਕਿਉਂ ਨਹੀਂ ਕੀਤਾ ਜੋ ਤੁਹਾਨੂੰ ਕਰਨ ਦੀ ਲੋੜ ਸੀ।
  - ਜੇਕਰ ਤੁਹਾਡੇ ਕੋਲ ਕੋਈ ਵਾਜਬ ਕਾਰਨ ਨਹੀਂ ਹੈ, ਅਤੇ ਤੁਸੀਂ ਉਹ ਨਹੀਂ ਕਰਨਾ ਚਾਹੁੰਦੇ ਜੋ ਸਮੱਸਿਆ ਨੂੰ ਹੱਲ ਕਰਨ ਲਈ Welfare-to-Work 'ਚ ਕਰਨਾ ਜ਼ਰੂਰੀ ਹੈ, ਤਾਂ ਤੁਹਾਡੀ ਨਕਦ ਸਹਾਇਤਾ ਘਟਾ ਦਿੱਤੀ ਜਾਵੇਗੀ।
- ਜੇਕਰ Welfare-to-Work 'ਚ ਤੁਹਾਡਾ ਹੋਣਾ ਜ਼ਰੂਰੀ ਨਹੀਂ ਹੈ, ਪਰ ਤੁਸੀਂ ਸਵੈਇੱਛਾ ਨਾਲ Welfare-to-Work ਦੀਆਂ ਕਿਰਿਆਵਾਂ ਕਰਦੇ ਹੋ ਤਾਂ:
  - ਤੁਹਾਡੇ ਕੋਲ ਇਹ ਦੱਸਣ ਦਾ ਮੌਕਾ ਮਿਲੇਗਾ ਕਿ ਤੁਸੀਂ ਉਹ ਕਿਉਂ ਨਹੀਂ ਕੀਤਾ ਜੋ ਕਿਹਾ ਗਿਆ ਸੀ।
  - ਜੇਕਰ ਤੁਸੀਂ ਸਵੈਇੱਛਾ ਨਾਲ Welfare-to-Work ਦੀਆਂ ਕਿਰਿਆਵਾਂ ਕਰਦੇ ਹੋ ਪਰ, ਕਿਸੇ ਵਾਜਬ ਕਾਰਨ ਤੋਂ ਬਿਨਾਂ, ਉਸ 'ਚ ਹਿੱਸਾ ਨਹੀਂ ਲੈਂਦੇ, ਅਤੇ ਤੁਸੀਂ ਉਹ ਨਹੀਂ ਕਰਨਾ ਚਾਹੁੰਦੇ ਜੋ ਸਮੱਸਿਆ ਨੂੰ ਹੱਲ ਕਰਨ ਲਈ Welfare-to-Work 'ਚ ਕਰਨਾ ਜ਼ਰੂਰੀ ਹੈ, ਤਾਂ ਤੁਹਾਡੀ ਨਕਦ ਸਹਾਇਤਾ ਨਹੀਂ ਘਟਾਈ ਜਾਵੇਗੀ, ਪਰ ਹੋ ਸਕਦਾ ਹੈ ਤੁਹਾਨੂੰ ਫ਼ੌਰਨ ਇਕ ਸਵੈਸੇਵੀ ਦੇ ਤੌਰ 'ਤੇ ਵਾਪਸ ਆਉਣ ਦੀ ਇਜਾਜ਼ਤ ਨਾ ਦਿੱਤੀ ਜਾਵੇ।

ਜਦੋਂ ਤੁਹਾਨੂੰ ਨੌਕਰੀ ਮਿਲ ਜਾਂਦੀ ਹੈ ਅਤੇ ਤੁਸੀਂ ਸਹਾਇਤਾ ਛੱਡ ਦਿੰਦੇ ਹੋ, ਤਾਂ ਜੇਕਰ ਤੁਹਾਨੂੰ ਆਪਣੀ ਨੌਕਰੀ ਕਾਇਮ ਰੱਖਣ ਲਈ ਸਹਾਇਤਾ ਸੇਵਾਵਾਂ ਦੀ ਲੋੜ ਹੈ ਤਾਂ ਤੁਹਾਡੇ ਦੁਆਰਾ ਨੌਕਰੀ ਸ਼ੁਰੂ ਕਰਨ ਤੋਂ ਬਾਅਦ ਪਹਿਲੇ 12 ਮਹੀਨਿਆਂ ਤਕ ਕਾਉਂਟੀ ਉਨ੍ਹਾਂ ਸੇਵਾਵਾਂ ਲਈ ਭੁਗਤਾਨ ਕਰਨਾ ਜਾਰੀ ਰੱਖ ਸਕਦੀ ਹੈ ਅਤੇ ਤੁਹਾਨੂੰ ਕਿਸੇ ਹੋਰ ਥਾਂ ਤੋਂ ਜ਼ਰੂਰੀ ਸਹਾਇਤਾ ਸੇਵਾਵਾਂ ਖਰਚੇ ਨਹੀਂ ਮਿਲ ਸਕਦੇ। ਸਹਾਇਤਾ ਛੱਡਣ ਤੋਂ ਬਾਅਦ ਤੁਸੀਂ ਦੋ ਸਾਲਾਂ ਤਕ ਬਾਲ ਦੇਖਭਾਲ ਸੇਵਾਵਾਂ ਪ੍ਰਾਪਤ ਕਰਨ ਲਈ ਵੀ ਯੋਗ ਹੋ ਸਕਦੇ ਹੋ। ਤੁਸੀਂ 12 ਮਹੀਨਿਆਂ ਲਈ ਤਬਦੀਲੀ Medi-Cal ਪ੍ਰਾਪਤ ਕਰਨ ਲਈ ਵੀ ਯੋਗ ਹੋ ਸਕਦੇ ਹੋ।

ਤੁਹਾਨੂੰ ਕਿਸੇ ਵੀ ਸਮੇਂ ਬਾਲ ਦੇਖਭਾਲ, ਆਵਾਜਾਈ ਵਾਂਗ ਸੇਵਾਵਾਂ, ਜਾਂ Welfare-to-Work ਦੁਆਰਾ ਮੁਹੱਈਆ ਕੀਤੀਆਂ ਜਾਣ ਵਾਲੀਆਂ ਹੋਰ ਸੇਵਾਵਾਂ ਦੀ ਮੰਗ ਕਰਨ ਦਾ ਹੱਕ ਹੈ। ਤੁਸੀਂ ਆਪਣੇ ਮੁਲਾਜ਼ਮ ਨੂੰ ਫ਼ੋਨ 'ਤੇ ਜਾਂ ਵਿਅਕਤਕ ਤੌਰ 'ਤੇ ਪੁੱਛ ਸਕਦੇ ਹੋ, ਜਾਂ ਤੁਸੀਂ ਲਿਖਤੀ ਰੂਪ 'ਚ ਪੁੱਛ ਸਕਦੇ ਹੋ।

ਜੇਕਰ ਤੁਸੀਂ Welfare-to-Work 'ਚ ਹਿੱਸਾ ਲੈਣ ਬਾਰੇ ਕਾਉਂਟੀ ਦੁਆਰਾ ਲਏ ਗਏ ਕਿਸੇ ਵੀ ਫ਼ੈਸਲੇ ਤੋਂ ਅਸਹਿਮਤ ਹੋ ਤਾਂ ਤੁਹਾਨੂੰ ਸਟੇਟ ਵੱਲੋਂ ਸੁਣਵਾਈ ਦੀ ਮੰਗ ਕਰਨ ਦਾ ਹੱਕ ਹੈ।